




ਕੈਨੇਡੀਅਨ

# ਪੰਜਾਬੀ ਪੋਸਟ

Award winning news paper | Canadian Punjabi Post








To view our online newspaper visit punjabipost.ca/epaper | Vol 23* Issue 73 | Friday, April 19, 2024 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


## ਟਰੂਡੋ ਦੀ ਅਗਵਾਈ ਹੇਠ ਹੀ ਅਗਲੀਆਂ ਚੋਣਾਂ ਲੜਨਾ ਚਾਹੁੰਦਾ ਹਾਂ : ਲੀਬਲੈਂਕ



ਓਟਵਾ, 18 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਥਾਂ ਲਿਬਰਲ ਲੀਡਰਸ਼ਿਪ ਆਗੂ ਵਜੋਂ ਚੋਣਾਂ ਲੜਨ ਦੀਆਂ ਮਿਲ ਰਹੀਆਂ ਕਨਸੋਆਂ ਦਾ ਕੈਬਨਿਟ ਮੰਤਰੀ ਡੌਮੀਨੀਕ ਲੀਬਲੈਂਕ ਨੇ ਖੰਡਣ ਕੀਤਾ। ਲੀਬਲੈਂਕ ਨੇ ਆਖਿਆ ਕਿ ਉਹ ਅਗਲੀਆਂ ਚੋਣਾਂ ਟਰੂਡੋ ਦੀ ਥਾਂ ਲੈਣ ਲਈ ਨਹੀਂ ਸਗੋਂ ਉਨ੍ਹਾਂ ਦੀ ਅਗਵਾਈ ਵਿੱਚ ਹੀ ਲੜਨਾ ਚਾਹੁੰਦੇ ਹਨ।

ਇਹ ਪੁੱਛੇ ਜਾਣ ਉੱਤੇ ਕਿ ਜੇ ਇਹ ਪੁਜ਼ੀਸ਼ਨ ਖਾਲੀ ਹੁੰਦੀ ਹੈ ਤਾਂ ਕੀ ਉਹ ਇਸ ਬਾਰੇ ਵਿਚਾਰ ਕਰਨਗੇ ਤਾਂ ਉਨ੍ਹਾਂ ਆਖਿਆ ਕਿ ਉਹ ਅਜਿਹਾ ਨਹੀਂ ਕਰਨਗੇ। ਕਈ ਸੀਨੀਅਰ ਅਹੁਦਿਆਂ ਉੱਤੇ ਰਹਿ ਚੁੱਕੇ ਤੇ ਇਸ ਸਮੇਂ ਕੈਨੇਡਾ ਦੇ ਪਬਲਿਕ ਸੇਫਟੀ ਮੰਤਰੀ ਲੀਬਲੈਂਕ ਨੇ ਆਖਿਆ ਕਿ ਉਹ ਆਪਣੇ ਅਹੁਦੇ ਤੋਂ ਬਹੁਤ ਖੁਸ਼ ਹਨ ਤੇ ਅਗਲੀਆਂ ਚੋਣਾਂ ਟਰੂਡੋ ਦੀ ਅਗਵਾਈ ਵਿੱਚ ਲੜਨ ਲਈ ਵੀ ਪੂਰੀ ਤਰ੍ਹਾਂ ਉਤਸ਼ਾਹਿਤ ਹਨ। ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਵੱਲੋਂ ਜਿਹੜੀਆਂ ਜ਼ਿੰਮੇਵਾਰੀਆਂ ਉਨ੍ਹਾਂ ਨੂੰ ਦਿੱਤੀਆਂ ਗਈਆਂ ਹਨ ਉਹ ਉਨ੍ਹਾਂ ਉੱਤੇ ਆਪਣਾ ਪੂਰਾ ਧਿਆਨ ਲਾ ਰਹੇ ਹਨ। ਇਹ ਬਹੁਤ ਵੱਡੀ ਜ਼ਿੰਮੇਵਾਰੀ ਹੈ ਤੇ ਉਹ ਆਪਣੇ ਕੰਮ ਦਾ ਆਨੰਦ ਮਾਣ ਰਹੇ ਹਨ।

ਇਹ ਸਵਾਲ ਉਸ ਸਮੇਂ ਉਛਲਿਆ ਜਦੋਂ ਗਲੋਬ ਐਂਡ ਮੇਲ ਵੱਲੋਂ ਬੁੱਧਵਾਰ ਨੂੰ ਇੱਕ ਕਾਲਮ ਇਹ ਆਖਦਿਆਂ ਹੋਇਆਂ ਛਾਪਿਆ ਗਿਆ ਕਿ ਲੀਬਲੈਂਕ ਨਾਲ ਸਾਬਕਾ ਲਿਬਰਲ ਕੈਬਨਿਟ ਮੰਤਰੀ ਨੇ ਮੁਲਾਕਾਤ ਕਰਕੇ ਉਨ੍ਹਾਂ ਨਾਲ ਟਰੂਡੋ ਦੀ ਥਾਂ ਲੈਣ ਵਾਲੇ ਪਲੈਨ ਬਾਰੇ ਗੱਲਬਾਤ ਕੀਤੀ ਹੈ। ਇਹ ਨੁਕਤਾ ਇਸ ਪੱਖ ਨੂੰ ਧਿਆਨ ਵਿੱਚ ਰੱਖ ਕੇ ਵਿਚਾਰਿਆ ਜਾ ਰਿਹਾ ਹੈ ਜੇ ਟਰੂਡੋ ਆਪਣਾ ਅਹੁਦਾ ਛੱਡਦੇ ਹਨ। ਇਸ ਕਾਲਮ ਵਿੱਚ ਤਾਂ ਇਹ ਵੀ ਲਿਖਿਆ ਗਿਆ ਕਿ ਨਵੀਂ ਚੋਣ ਮੁਹਿੰਮ ਦੀ ਨੀਂਹ ਰੱਖਣ ਲਈ ਲੀਬਲੈਂਕ ਪੂਰੀ ਤਰ੍ਹਾਂ ਸਹਿਮਤ ਹੋਏ।

## ਫਾਰਮਾਕੇਅਰ ਬਿੱਲ ਬਾਰੇ ਲੋਕਾਂ ਦੇ ਮਨਾਂ ਵਿੱਚ ਡਰ ਬਿਠਾਉਣ ਤੋਂ ਸਿਹਤ ਮੰਤਰੀ ਨੇ ਪੌਲੀਏਵਰ ਨੂੰ ਵਰਜਿਆ



ਓਟਵਾ, 18 ਅਪਰੈਲ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਸਰਕਾਰ ਵੱਲੋਂ ਫਾਰਮਾਕੇਅਰ ਸਬੰਧੀ ਲਿਆਂਦੇ ਜਾਣ ਵਾਲੇ ਬਿੱਲ ਨਾਲ ਕੰਮ ਵਾਲੀ ਥਾਂ ਉੱਤੇ ਹੈਲਥ ਕਵਰੇਜ ਉੱਤੇ ਪਾਬੰਦੀ ਲਾ ਦਿੱਤੀ ਜਾਵੇਗੀ। ਇਸ ਦਾ ਸਖ਼ਤ ਨੋਟਿਸ ਲੈਂਦਿਆਂ ਫੈਡਰਲ ਸਿਹਤ ਮੰਤਰੀ ਨੇ ਆਖਿਆ ਕਿ ਪੌਲੀਏਵਰ ਲੋਕਾਂ ਦੇ ਮਨਾਂ ਵਿੱਚ ਖਾਹਮਖਾਹ ਦਾ ਡਰ ਬਿਠਾ ਰਹੇ ਹਨ, ਇਸ ਬਿੱਲ ਨਾਲ ਅਜਿਹਾ ਕੁੱਝ ਵੀ ਨਹੀਂ ਹੋਣ ਵਾਲਾ ਸਗੋਂ ਲੋਕਾਂ ਦੀ ਮਦਦ ਹੋਵੇਗੀ।

ਇੱਕ ਇੰਟਰਵਿਊ ਵਿੱਚ ਪੌਲੀਏਵਰ ਨੇ ਫਾਰਮਾਕੇਅਰ ਬਿੱਲ ਉੱਤੇ ਨਿਸ਼ਾਨਾ ਸਾਧਦਿਆਂ ਆਖਿਆ ਕਿ ਇਸ ਬਿੱਲ ਦੇ ਆਉਣ ਨਾਲ ਕੈਨੇਡੀਅਨਜ਼ ਲਈ ਪ੍ਰਾਈਵੇਟ ਇੰਸ਼ੋਰੈਂਸ ਦਾ ਬਦਲ ਨਹੀਂ ਬਚੇਗਾ। ਪੌਲੀਏਵਰ ਨੇ ਆਖਿਆ ਕਿ ਟਰੂਡੋ ਸਰਕਾਰ ਇਸ ਨਾਲ ਵਰਕਪਲੇਸ ਵਾਲੇ ਪਲੈਨ ਦੀ ਥਾਂ ਫੈਡਰਲ ਸਰਕਾਰ ਦਾ ਪਲੈਨ ਲਾਗੂ ਕਰ ਦੇਵੇਗੀ। ਉਨ੍ਹਾਂ ਆਖਿਆ ਕਿ ਆਮ ਲੋਕਾਂ ਨੂੰ ਵਰਕਪਲੇਸ ਡਰੱਗ ਕਵਰੇਜ ਉੱਤੇ ਪਾਬੰਦੀ ਲਾ ਕੇ ਲਿਬਰਲਾਂ ਦੇ ਇਸ ਬਿੱਲ ਦਾ ਸਹਾਰਾ ਲੈਣ ਲਈ ਮਜਬੂਰ ਹੋਣ ਵਾਲੇ ਕਿਸੇ ਵੀ ਪਲੈਨ ਦਾ ਉਹ ਸਮਰਥਨ ਨਹੀਂ ਕਰਨਗੇ।

ਇਸ ਉੱਤੇ ਪ੍ਰਤੀਕਿਰਿਆ ਕਰਦਿਆਂ ਫੈਡਰਲ ਸਿਹਤ ਮੰਤਰੀ ਮਾਰਕ ਹਾਲੈਂਡ ਨੇ ਆਖਿਆ ਕਿ ਪੌਲੀਏਵਰ ਦੀਆਂ ਅਜਿਹੀਆਂ ਟਿੱਪਣੀਆਂ ਲੋਕਾਂ ਦੇ ਮਨਾਂ ਵਿੱਚ ਡਰ ਬਿਠਾਉਣ ਵਾਲੀਆਂ ਹਨ। ਬਿੱਲ ਸੀ-64 ਰਾਹੀਂ ਸਰਕਾਰ ਦਾ ਪ੍ਰਾਈਵੇਟ ਮੈਡੀਕਲ ਇੰਸ਼ੋਰੈਂਸ ਬਦਲ ਨੂੰ ਨਿਯੰਤਰਿਤ ਕਰਨ ਦਾ ਕੋਈ ਇਰਾਦਾ ਨਹੀਂ ਹੈ। ਉਨ੍ਹਾਂ ਆਖਿਆ ਕਿ ਇਹ ਮਾੜੀ ਗੱਲ ਹੈ ਕਿ ਪਿਏਰ ਪੌਲੀਏਵਰ ਚਾਹੁੰਦੇ ਹਨ ਕਿ ਮਹਿਲਾਵਾਂ ਯੂਨੀਵਰਸਲ ਗਰਭਨਿਰੋਧਕ ਦਵਾਈਆਂ ਤੱਕ ਪਹੁੰਚ ਨਾ ਕਰ ਸਕਣ ਤੇ ਡਾਇਬਟੀਜ਼ ਦੇ ਮਰੀਜ਼ਾਂ ਨੂੰ ਉਹ ਮੈਡੀਕਲ ਮਦਦ ਨਾ ਮਿਲ ਸਕੇ ਜਿਹੜੀ ਉਨ੍ਹਾਂ ਨੂੰ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਜੇ ਤੁਸੀਂ ਇਸ ਬਿੱਲ ਦਾ ਵਿਰੋਧ ਕਰਨਾ ਚਾਹੁੰਦੇ ਹੋ ਤਾਂ ਕੋਈ ਮਾੜੀ ਗੱਲ ਨਹੀਂ ਹੈ ਪਰ ਕਿਸੇ ਨੂੰ ਵੀ ਝੂਠ ਬੋਲ ਕੇ ਲੋਕਾਂ ਦੇ ਮਨਾਂ ਵਿੱਚ ਡਰ ਨਹੀਂ ਬਿਠਾਉਣਾ ਚਾਹੀਦਾ। ਹਾਲੈਂਡ ਨੇ ਆਖਿਆ ਕਿ ਪਬਲਿਕ ਪ੍ਰੋਗਰਾਮ ਦੇ ਨਾਲ ਨਾਲ ਪ੍ਰਾਈਵੇਟ ਇੰਸ਼ੋਰੈਂਸ ਵੀ ਚੱਲਦੀ ਰਹੇਗੀ।

ਜ਼ਿਕਰਯੋਗ ਹੈ ਕਿ ਇਸ ਬਿੱਲ ਨੂੰ ਨੈਸ਼ਨਲ ਫਾਰਮਾਕੇਅਰ ਪ੍ਰੋਗਰਾਮ ਤਹਿਤ ਲਿਆਂਦਾ ਗਿਆ ਤੇ ਇਸ ਲਈ ਪ੍ਰੋਵਿੰਸਾਂ ਨਾਲ ਪੂਰੀ ਗੱਲਬਾਤ ਵੀ ਕੀਤੀ ਗਈ ਤੇ ਇਸ ਤਹਿਤ ਸੱਭ ਤੋਂ ਪਹਿਲਾਂ ਡਾਇਬਟੀਜ਼ ਦੇ ਮਰੀਜ਼ਾਂ ਨੂੰ ਰਾਹਤ ਦੇਣ ਤੇ ਗਰਭਨਿਰੋਧਕ ਦਵਾਈਆਂ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। 16 ਅਪਰੈਲ ਨੂੰ ਪੇਸ਼ ਕੀਤੇ ਗਏ ਬਜਟ ਵਿੱਚ ਇਸ ਬਿੱਲ ਤਹਿਤ ਮੁੱਢਲੀ ਕਵਰੇਜ ਲਈ 1.5 ਬਿਲੀਅਨ ਡਾਲਰ ਪਾਸੇ ਰੱਖੇ ਗਏ ਹਨ। ਹਾਊਸ ਆਫ ਕਾਮਨਜ਼ ਵਿੱਚ ਫਾਰਮਾਕੇਅਰ ਬਿੱਲ ਉੱਤੇ ਦੂਜੀ ਰੀਡਿੰਗ ਚੱਲ ਰਹੀ ਹੈ।







## ਅੱਜ ਨਾਮਾ >>

ਪਿਆ ਈ ਵੋਟਿੰਗ ਮਸ਼ੀਨਾਂ ਦਾ ਫੇਰ ਰੱਟਾ,
ਗਲਤ ਵੋਟਿੰਗ ਦਾ ਲੱਗੇ ਇਲਜ਼ਾਮ ਬੇਲੀ।
ਸੁਣਿਆ ਕਿਸੇ ਵੀ ਧਿਰ ਦੀ ਵੋਟ ਪਾਈਏ,
ਇੱਕੋ ਈ ਪਾਰਟੀ ਦਾ ਜਪਦੀ ਨਾਮ ਬੇਲੀ।
ਸੁਪਰੀਮ ਕੋਰਟ ਦੇ ਕੋਲ ਫਿਰ ਗੱਲ ਪੁੱਜੀ,
ਚੋਣ ਸਿਸਟਮ ਤੱਕ ਹੁੰਦਾ ਬਦਨਾਮ ਬੇਲੀ।
ਪਹਿਲੀ ਵਾਰੀ ਨਹੀਂ ਏਦਾਂ ਦਾ ਦੋਸ਼ ਲੱਗਾ,
ਇਹਦੀ ਚਰਚਾ ਹੈ ਚਿਰਾਂ ਦੀ ਆਮ ਬੇਲੀ।
ਗਲਤ ਮਸ਼ੀਨ ਜਾਂ ਲੱਗ ਰਿਹਾ ਦੋਸ਼ ਫੋਕਾ,
ਦੋਵਾਂ ਈ ਧਿਰਾਂ ਦਾ ਆਪਣਾ ਤਰਕ ਬੇਲੀ।
ਪਿਆ ਸੀ ਸ਼ੱਕ ਤਾਂ ਚਾਹੀਦਾ ਦੂਰ ਕਰਨਾ,
ਚਾਹੀਦਾ ਹੋਣਾ ਨਾ ਵਾਲ਼ ਦਾ ਫਰਕ ਬੇਲੀ।

**ਤੀਸ ਮਾਰ ਖਾਂ**

# ਟੋਰਾਂਟੋ ਵਿੱਚ ਸੀਐਸਆਈਐਸ ਦੀ ਮੌਜੂਦਗੀ ਵਧਾਉਣ ਲਈ ਫੈਡਰਲ ਸਰਕਾਰ ਮੁਹੱਈਆ ਕਰਾਵੇਗੀ ਸੈਂਕੜੇ ਮਿਲੀਅਨ ਡਾਲਰ

ਟੋਰਾਂਟੋ, 18 ਅਪਰੈਲ (ਪੋਸਟ ਬਿਊਰੋ) : ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਉਹ ਅਗਲੇ ਅੱਠ ਸਾਲਾਂ ਲਈ ਕੈਨੇਡਾ ਦੀ ਖੁਫੀਆ ਏਜੰਸੀ ਨੂੰ ਸੈਂਕੜੇ ਮਿਲੀਅਨ ਡਾਲਰ ਮੁਹੱਈਆ ਕਰਾਵੇਗੀ। ਇਸ ਦੇ ਨਾਲ ਹੀ ਗਲੋਬਲ ਚੇਤਾਵਨੀਆਂ ਨੂੰ ਵੇਖਦਿਆਂ ਹੋਇਆਂ ਟੋਰਾਂਟੋ ਵਿੱਚ ਏਜੰਸੀ ਦੀ ਮੌਜੂਦਗੀ ਨੂੰ ਵਧਾਉਣ ਲਈ ਵੀ ਇਸ ਰਕਮ ਦਾ ਕੁੱਝ ਹਿੱਸਾ ਖਰਚਿਆ ਜਾਵੇਗਾ।

ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਮੰਗਲਵਾਰ ਨੂੰ ਐਲਾਨੇ ਬਜਟ ਵਿੱਚ ਸਰਕਾਰ ਨੇ ਆਖਿਆ ਕਿ ਕੈਨੇਡਾ ਨੂੰ ਕੁੱਝ ਹੋਰਨਾਂ ਦੇਸ਼ਾਂ ਵੱਲੋਂ ਨਿਸ਼ਾਨਾ ਬਣਾਇਆ ਜਾ




ਰਿਹਾ ਹੈ, ਜਿਸ ਨਾਲ ਸਾਡੀ ਜਮਹੂਰੀਅਤ, ਵੰਨ ਸੁਵੰਨੀਆਂ ਕਮਿਊਨਿਟੀਜ਼ ਤੇ ਆਰਥਿਕ ਖੁਸ਼ਹਾਲੀ ਨੂੰ ਖਤਰਾ ਹੈ। ਇਸ ਤਰ੍ਹਾਂ ਦੀਆਂ ਚੁਣੌਤੀਆਂ ਤੋਂ ਇਲਾਵਾ ਹਿੰਸਕ ਅੱਤਵਾਦ ਤੇ ਵਿਦੇਸ਼ੀ ਦਖ਼ਲ ਵਰਗੇ ਮਾਮਲਿਆਂ ਨਾਲ ਨਜਿੱਠਣ ਲਈ ਫੈਡਰਲ ਸਰਕਾਰ ਵੱਲੋਂ ਅਗਲੇ ਅੱਠ ਸਾਲਾਂ ਵਿੱਚ 655.7 ਮਿਲੀਅਨ ਡਾਲਰ ਖਰਚਣ ਦਾ ਫੈਸਲਾ ਕੀਤਾ ਗਿਆ ਹੈ।

ਬਜਟ ਵਿੱਚ ਆਖਿਆ ਗਿਆ ਕਿ ਇਸ ਫੰਡਿੰਗ ਨਾਲ ਸੀਐਸਆਈਐਸ ਆਪਣੀ ਖੁਫੀਆ ਸਮਰੱਥਾ ਨੂੰ ਵਧਾਉਣ ਦੇ ਨਾਲ ਨਾਲ ਟੋਰਾਂਟੋ ਵਿੱਚ ਆਪਣੀ ਮੌਜੂਦਗੀ ਵੀ ਵਧਾ ਸਕੇਗੀ।

# ਛੁਰੇਬਾਜ਼ੀ ਵਿੱਚ ਇੱਕ ਵਿਅਕਤੀ ਦੀ ਹੋਈ ਮੌਤ, ਮਸ਼ਕੂਕ ਹਿਰਾਸਤ ਵਿੱਚ

ਇਟੋਬੀਕੋ, 18 ਅਪਰੈਲ (ਪੋਸਟ ਬਿਊਰੋ) : ਵੀਰਵਾਰ ਦੁਪਹਿਰ ਨੂੰ ਇਟੋਬੀਕੋ ਵਿੱਚ ਛੁਰੇਬਾਜ਼ੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਕਿਪਲਿੰਗ ਐਵਨਿਊ ਦੇ ਪੂਰਬ ਵਿੱਚ ਐਗਲਿੰਟਨ ਐਵਨਿਊ ਵੈਸਟ ਨੇੜੇ ਪ੍ਰਿੰਸੈੱਸ ਐਨ ਕ੍ਰੀਸੈਂਟ ਤੇ ਬਰਨਮਾਊਥ ਰੋਡ ਉੱਤੇ ਸਥਿਤ ਘਰ ਵਿੱਚ ਪੁਲਿਸ ਨੂੰ ਛੁਰੇਬਾਜ਼ੀ ਦੀਆਂ ਖਬਰਾਂ ਦੇ ਕੇ ਦੁਪਹਿਰੇ 2:00 ਵਜੇ ਤੋਂ ਬਾਅਦ ਸੱਦਿਆ ਗਿਆ। ਇੱਕ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਦੂਜੇ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਪੁਲਿਸ ਦਾ ਕਹਿਣਾ ਹੈ ਕਿ ਪਬਲਿਕ ਸੇਫਟੀ ਨੂੰ ਕੋਈ ਖਤਰਾ ਨਹੀਂ ਹੈ।




## ਐਡਵੋਕੇਟ ਧਾਮੀ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਚੀਮਾ ਪੋਤਾ 'ਚ ਹੋਈ ਬੇਅਦਬੀ ਦੀ ਕੀਤੀ ਸਖ਼ਤ ਨਿੰਦਾ

ਅੰਮ੍ਰਿਤਸਰ, 18 ਅਪ੍ਰੈਲ (ਗਿਆਨ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚੀਮਾ ਪੋਤਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੇਅਦਬੀ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਇਸ ਘਟਨਾ ਦੇ ਦੋਸ਼ੀ ਕਿਸੇ ਵੀ ਕੀਮਤ 'ਤੇ ਬਖਸ਼ੇ ਨਹੀਂ ਜਾਣੇ ਚਾਹੀਦੇ। ਉਨ੍ਹਾਂ ਕਿਹਾ ਕਿ ਇਸ ਘਟਨਾ ਦਾ ਪਤਾ ਲੱਗਦਿਆਂ ਹੀ ਸ਼੍ਰੋਮਣੀ ਕਮੇਟੀ ਵੱਲੋਂ ਮੌਕੇ 'ਤੇ ਪਹੁੰਚ ਕੇ ਗੁਰਦੁਆਰਾ ਸ੍ਰੀ ਗਰਨਾ ਸਾਹਿਬ ਦੇ ਮੈਨੇਜਰ ਅਵਤਾਰ ਸਿੰਘ ਅਤੇ ਪ੍ਰਚਾਰਕ ਭਾਈ ਕਲਿਆਣ ਸਿੰਘ ਰਾਹੀਂ ਜਾਂਚ ਰਿਪੋਰਟ ਮੰਗੀ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਪਿੰਡ ਵਾਸੀਆਂ ਵੱਲੋਂ ਮੁਕੇਰੀਆਂ ਪੁਲਿਸ ਥਾਣੇ ਵਿਚ ਪਰਚਾ ਦਰਜ ਕਰਵਾ ਦਿਤਾ ਗਿਆ ਹੈ ਪਰ ਸ਼੍ਰੋਮਣੀ ਕਮੇਟੀ ਇਸ ਵਿਚ ਹਰ ਪੱਧਰ ਉਤੇ ਸੰਗਤ ਨੂੰ ਸਹਿਯੋਗ ਦੇਵੇਗੀ ਤਾਂ ਜੋ ਦੋਸ਼ੀਆਂ ਵਿਰੁੱਧ ਕਾਰਵਾਈ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਕਿਹਾ ਪੁਲਿਸ ਪ੍ਰਸ਼ਾਸਨ ਦੀ ਜ਼ੁੰਮੇਵਾਰੀ ਬਣਦੀ ਹੈ ਕਿ ਉਹ ਦੋਸ਼ੀਆਂ ਦੀ ਭਾਲ ਕਰੇ ਅਤੇ ਜੇਕਰ ਕਿਸੇ ਤਰ੍ਹਾਂ ਦੀ ਢਿੱਲ ਵਰਤੀ ਗਈ ਤਾਂ ਸੰਗਤ ਦੇ ਰੋਸ ਅਤੇ ਰੋਹ ਦੀ ਜ਼ੁੰਮੇਵਾਰੀ ਸਰਕਾਰ ਦੀ ਹੋਵੇਗੀ।

# ਯੂ.ਏ.ਈ. ਸਮੇਤ 4 ਖਾੜੀ ਦੇਸ਼ਾਂ ਵਿਚ ਹੜ੍ਹ ਅਤੇ ਮੀਂਹ, ਮਾਰੂਥਲ ਖੇਤਰਾਂ ਵਿਚ ਇੱਕ ਦਿਨ ਵਿਚ 2 ਸਾਲ ਜਿੰਨਾ ਮੀਂਹ

ਯੂ.ਏ.ਈ., 18 ਅਪ੍ਰੈਲ (ਪੋਸਟ ਬਿਊਰੋ): 15 ਅਪ੍ਰੈਲ ਦੀ ਰਾਤ ਨੂੰ ਯੂ.ਏ.ਈ., ਸਾਊਦੀ ਅਰਬ, ਬਹਿਰੀਨ ਅਤੇ ਓਮਾਨ ਵਿਚ ਭਾਰੀ ਮੀਂਹ ਸ਼ੁਰੂ ਹੋ ਗਿਆ। ਕੁਝ ਹੀ ਸਮੇਂ ਵਿਚ ਇਹ ਤੂਫਾਨ ਵਿਚ ਬਦਲਣ ਲੱਗਾ। ਹਾਲਾਤ ਇਹ ਬਣ ਗਏ ਕਿ ਮੰਗਲਵਾਰ ਤੱਕ ਇਨ੍ਹਾਂ ਦੇਸ਼ਾਂ ਦੇ ਦਰਜਨਾਂ ਸ਼ਹਿਰ ਇਸ ਕਾਰਨ ਹੜ੍ਹ ਦੀ ਲਪੇਟ 'ਚ ਆ ਚੁੱਕੇ ਹਨ।



ਮਾਰੂਥਲ ਦੇ ਵਿਚਕਾਰ ਸਥਿਤ ਦੁਬਈ ਦੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਿਛਲੇ 24 ਘੰਟਿਆਂ ਦੌਰਾਨ 6.26 ਇੰਚ ਤੋਂ ਵੱਧ ਮੀਂਹ ਪਿਆ ਹੈ। ਮੌਸਮ ਸੰਬੰਧੀ ਜਾਣਕਾਰੀ ਦੇਣ ਵਾਲੀ ਵੈੱਬਸਾਈਟ 'ਦਿ ਵੇਦਰਮੈਨ ਡਾਟ ਕਾਮ' ਮੁਤਾਬਕ ਇੱਥੇ ਦੋ ਸਾਲਾਂ 'ਚ ਇਨਾ ਜ਼ਿਆਦਾ ਮੀਂਹ ਪੈਂਦਾ ਹੈ।

ਕੁਝ ਮਾਹਰ ਖਾੜੀ ਦੇਸ਼ਾਂ ਵਿਚ ਇਸ ਹੜ੍ਹ ਦਾ ਕਾਰਨ ਕਲਾਊਡ ਸੀਡਿੰਗ ਯਾਨੀ ਨਕਲੀ ਮੀਂਹ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ। ਇਕ ਰਿਪੋਰਟ ਅਨੁਸਾਰ ਦੁਬਈ ਪ੍ਰਸ਼ਾਸਨ ਨੇ ਸੋਮਵਾਰ ਨੂੰ ਕਲਾਊਡ ਸੀਡਿੰਗ ਰਾਹੀਂ ਮੀਂਹ ਪਾਉਣ ਲਈ ਇੱਕ ਜਹਾਜ਼ ਉਡਾਇਆ ਸੀ। ਇਸ ਤੋਂ ਕੁਝ ਸਮੇਂ ਬਾਅਦ ਹੀ ਖਾੜੀ ਦੇਸ਼ਾਂ ਨੂੰ ਭਾਰੀ ਮੀਂਹ ਅਤੇ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ।













## ਪ੍ਰਿੰਸ ਹੈਰੀ ਨੇ ਅਧਿਕਾਰਤ ਤੌਰ 'ਤੇ ਬ੍ਰਿਟੇਨ ਛੱਡਿਆ, ਆਪਣੇ ਪਤੇ ਵਿਚ ਕੈਲੀਫੋਰਨੀਆ ਦਾ ਪਤਾ ਲਿਖਵਾਇਆ



ਲੰਡਨ/ਕੈਲੀਫੋਰਨੀਆ (ਪੋਸਟ ਬਿਊਰੋ): ਪ੍ਰਿੰਸ ਹੈਰੀ ਨੇ ਸ਼ਾਹੀ ਪਰਿਵਾਰ ਨਾਲ ਵਿਵਾਦ ਦੇ ਵਿਚਕਾਰ ਅਧਿਕਾਰਤ ਤੌਰ 'ਤੇ ਬ੍ਰਿਟੇਨ ਛੱਡ ਦਿੱਤਾ ਹੈ। ਹੈਰੀ ਨੇ ਆਪਣਾ ਅਧਿਕਾਰਤ ਪਤਾ ਬਰਤਾਨੀਆ ਦੀ ਬਜਾਏ ਕੈਲੀਫੋਰਨੀਆ, ਅਮਰੀਕਾ ਲਿਖਿਆ ਹੈ। ਜਾਣਕਾਰੀ ਅਨੁਸਾਰ, ਸੈਰ-ਸਪਾਟਾ ਚੈਰਿਟੀ ਟਰੈਵਲਿਸਟ ਦੇ ਇੱਕ ਦਸਤਾਵੇਜ਼ ਵਿਚ, ਪ੍ਰਿੰਸ ਹੈਰੀ ਦਾ ਪੂਰਾ ਨਾਮ ਅਤੇ ਉਸਦਾ ਪ੍ਰਾਇਮਰੀ ਪਤਾ ਕੈਲੀਫੋਰਨੀਆ ਲਿਖਿਆ ਗਿਆ ਸੀ।

ਇਸ ਤੋਂ ਪਹਿਲਾਂ ਹੈਰੀ ਹਮੇਸ਼ਾ ਬ੍ਰਿਟੇਨ ਨੂੰ ਆਪਣਾ ਮੁੱਢਲਾ ਪਤਾ ਲਿਖਦੇ ਸਨ। ਇਹ ਬਦਲਾਅ 29 ਜੂਨ 2023 ਨੂੰ ਕੀਤਾ ਗਿਆ ਸੀ। ਹਾਲਾਂਕਿ ਹੁਣ ਇਹ ਜਾਣਕਾਰੀ ਸਾਹਮਣੇ ਆਈ ਹੈ। ਪਿਛਲੇ ਸਾਲ 29 ਜੂਨ ਨੂੰ ਬਕਿੰਘਮ ਪੈਲੇਸ ਨੇ ਪੁਸ਼ਟੀ ਕੀਤੀ ਸੀ ਕਿ ਹੈਰੀ ਅਤੇ ਉਸ ਦੀ ਪਤਨੀ ਮੇਗਨ ਨੇ ਹੁਣ ਬ੍ਰਿਟੇਨ ਦੇ ਫਰੋਗਮੋਰ ਕਾਟੇਜ ਨੂੰ ਛੱਡ ਦਿੱਤਾ ਹੈ।

ਫਰੋਗਮੋਰ ਕਾਟੇਜ ਉਹੀ ਘਰ ਹੈ ਜੋ ਮਹਾਰਾਣੀ ਐਲਿਜ਼ਾਬੈਥ ਨੂੰ 2018 ਵਿਚ ਉਸਦੇ ਵਿਆਹ 'ਤੇ ਤੋਹਫ਼ੇ ਵਿਚ ਦਿੱਤਾ ਗਿਆ ਸੀ। ਦਰਅਸਲ, ਹੈਰੀ ਨੇ ਆਪਣੀ ਯਾਦਾਂ 'ਸਪੇਅਰ' 'ਚ ਸ਼ਾਹੀ ਪਰਿਵਾਰ ਬਾਰੇ ਕਈ ਵਿਵਾਦਤ ਟਿੱਪਣੀਆਂ ਕੀਤੀਆਂ ਸਨ। ਇਸ ਤੋਂ ਬਾਅਦ ਹੈਰੀ ਅਤੇ ਉਸਦੇ ਪਿਤਾ ਕਿੰਗ ਚਾਰਲਸ ਵਿਚਕਾਰ ਝਗੜਾ ਹੋ ਗਿਆ, ਜਿਸ ਤੋਂ ਬਾਅਦ ਚਾਰਲਸ ਨੇ ਹੈਰੀ ਨੂੰ ਘਰ ਛੱਡਣ ਲਈ ਕਿਹਾ।

## ਜ਼ਿਲ੍ਹਾ ਮੋਗੇ ਵਿਚ 40 ਮਾਡਲ ਤੇ 8 ਪਿੰਕ ਪੋਲਿੰਗ ਸਟੇਸ਼ਨ ਸਥਾਪਿਤ ਕੀਤੇ ਜਾਣਗੇ

### 4 ਬੂਥਾਂ ਦੀ ਦਿਵਿਆਂਗਜਨ ਤੇ ਤੇ 2 ਬੂਥਾਂ ਦੀ ਨੌਜਵਾਨ ਕਰਮਚਾਰੀ ਸੰਭਾਲਣਗੇ ਕਮਾਨ

ਮੋਗਾ 18 ਅਪ੍ਰੈਲ (ਗਿਆਨ ਸਿੰਘ): ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਮੋਗਾ ਵਿੱਚ ਵੋਟਰਾਂ ਨੂੰ ਬਿਨ੍ਹਾਂ ਕਿਸੇ ਪ੍ਰੇਸ਼ਾਨੀ ਤੋਂ ਵੋਟ ਪਾਉਣ ਦੀਆਂ ਸਹੂਲਤਾਂ ਪੋਲਿੰਗ ਬੂਥਾਂ ਉਪਰ ਮੁਹੱਈਆ ਕਰਵਾਈਆਂ ਜਾਣਗੀਆਂ। ਗਰਮੀ ਰੁੱਤ ਦੇ ਮੱਦੇਨਜ਼ਰ ਪੋਲਿੰਗ ਬੂਥਾਂ ਤੇ ਪੀਣ ਵਾਲੇ ਪਾਣੀ, ਸਿਹਤ ਟੀਮਾਂ ਤੇ ਹੋਰ ਸਾਰੀਆਂ ਬਣਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਪੋਲ ਫੀਸਦੀ ਵਿੱਚ ਵਾਧਾ ਕਰਨ ਲਈ ਵੀ ਜ਼ਿਲ੍ਹਾ ਪ੍ਰਸ਼ਾਸ਼ਨ ਤੇ ਸਵੀਪ ਟੀਮਾਂ ਲਗਾਤਾਰ ਜ਼ਮੀਨ ਪੱਧਰੀ ਜਾਗਰੂਕਤਾ ਫੈਲਾਅ ਰਹੀਆਂ ਹਨ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਚੋਣ ਅਫ਼ਸਰ ਕਮ-ਡਿਪਟੀ ਕਮਿਸ਼ਨਰ ਮੋਗਾ ਸ੍ਰ. ਕੁਲਵੰਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 40



ਮਾਡਲ, 8 ਪਿੰਕ, 4 ਪੀ.ਡਬਲਿਊ.ਡੀ ਤੇ 2 ਯੂਵਾ ਪੋਲਿੰਗ ਸਟੇਸ਼ਨ ਸਥਾਪਿਤ ਕੀਤੇ ਜਾਣਗੇ। 40ਮਾਡਲ ਪੋਲਿੰਗ ਸਟੇਸ਼ਨਾਂ ਤੇ ਵਿਸ਼ੇਸ਼ ਸੁਵਿਧਾਵਾਂ ਤੇ 8 ਪਿੰਕ ਪੋਲੰਗ ਸਟੇਸ਼ਨਾਂ ਉਪਰ ਮਹਿਲਾ ਸਟਾਫ ਕੰਮ ਕਰੇਗਾ।4 ਪੋਲਿੰਗ ਸਟੇਸ਼ਨਾਂ ਤੇ ਦਿਵਿਆਂਗ ਕਰਮਚਾਰੀ ਤੇ 2 ਪੋਲਿੰਗ ਸਟੇਸ਼ਨਾਂ ਤੇ ਨੌਜਵਾਨ ਕਰਮਚਾਰੀ ਵੋਟਿੰਗ ਪ੍ਰਕਿਰਿਆ ਕਰਵਾਉਣਗੇ।

**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**












**Grand Upholstery Ltd**
**Sofa Company** Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

# ਪ੍ਰਵਾਸੀ ਭਾਈਚਾਰੇ ਦੇ ਮਸਲੇ ਹਰ ਹਾਲ ’ਚ ਹੱਲ ਕੀਤੇ ਜਾਣਗੇ : ਤਰਨਜੀਤ ਸੰਧੂ

ਅੰਮ੍ਰਿਤਸਰ, 18 ਅਪ੍ਰੈਲ (ਪੋਸਟ ਬਿਊਰੋ): ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਤੇ ਅਮਰੀਕਾ ’ਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੇ ਚੋਣ ਮੁਹਿੰਮ ਨੂੰ ਪਰਵਾਸੀ ਭਾਈਚਾਰੇ ਵੱਲੋਂ ਪੂਰਨ ਸਮਰਥਨ ਮਿਲ ਰਿਹਾ ਹੈ। ਅੱਜ ਫ਼ਤਿਹਗੜ੍ਹ ਚੂੜੀਆਂ ਰੋਡ ਵਿਖੇ ਪੰਚਾਇਤ ਵਿਚ ਭਾਜਪਾ ਆਗੂ ਅਨੁਜ ਭੰਡਾਰੀ ਵੱਲੋਂ ਪ੍ਰਵਾਸੀ ਭਾਈਚਾਰੇ ਦੀ ਇਕ ਚੋਣ ਰੈਲੀ ਕਰਵਾਈ ਗਈ।



ਪ੍ਰਵਾਸੀ ਭਾਈਚਾਰੇ ਲੋਕਾਂ ਦੇ ਪ੍ਰਧਾਨ ਰਾਮਦਾਸ ਅਤੇ ਰਾਮ ਬਾਲਕ ਨੇ ਤਰਨਜੀਤ ਸਿੰਘ ਸੰਧੂ ਨੂੰ ਦੱਸਿਆ ਕਿ ਉਨ੍ਹਾਂ ਤੋਂ ਲੀਡਰ ਵੋਟ ਮੰਗਣ ਤਾਂ ਜ਼ਰੂਰ ਆਉਂਦੇ ਹਨ ਪਰ ਬਾਅਦ ਵਿਚ ਕਦੀ ਉਨ੍ਹਾਂ ਦੀ ਸਾਰ ਨਹੀਂ ਲਈ ਹੈ। ਉਨ੍ਹਾਂ ਕਿਹਾ ਕਿ ਅੱਜ ਵੀ ਉਹ ਮਾੜੀਆਂ ਸੜਕਾਂ, ਸੀਵਰੇਜ, ਗੰਦੇ ਪਾਣੀ, ਪੀਣ ਯੋਗ ਸਾਫ਼ ਪਾਣੀ ਅਤੇ ਸਟਰੀਟ ਲਾਈਟ ਅਤੇ ਬਿਜਲੀ ਦੀ ਮਾੜੀ ਹਾਲਤ ਨਾਲ ਜੂਝਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਅੱਜ ਤਕ ਇਨ੍ਹਾਂ ਲੋਕਾਂ ਨੇ ਸਾਨੂੰ ਠਗਿਆ ਹੈ। ਪਰ ਸਾਨੂੰ ਤੁਹਾਡੇ ( ਤਰਨਜੀਤ ਸਿੰਘ ਸੰਧੂ) ਤੋਂ ਬੜੀਆਂ ਆਸਾਂ ਉਮੀਦਾਂ ਹਨ। ਸਾਨੂੰ ਪ੍ਰਧਾਨ ਮੰਤਰੀ ’ਤੇ ਵਿਸ਼ਵਾਸ ਹੈ। ਉਨ੍ਹਾਂ ਸਾਨੂੰ ਮੈਡੀਕਲ ਸਹੂਲਤਾਂ ਅਤੇ ਰੋਟੀ ਲਈ ਕਣਕ ਦਿੱਤੀ ਹੈ। ਇਸ ’ਤੇ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਫੋਕੇ ਵਾਅਦੇ ਨਹੀਂ ਤਕਨੀਕ, ਕੇਂਦਰ ਦੇ ਸਾਥ ਤੇ ਸਾਂਝੇ ਯਤਨਾਂ ਨਾਲ ਸਾਰੇ ਮਸਲੇ ਹੱਲ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਭਾਜਪਾ ਦਾ ਇਹ ਕਾਫ਼ਲਾ ਅੰਮ੍ਰਿਤਸਰ ਦੇ ਪਿੰਡਾਂ ਤੇ ਸ਼ਹਿਰਾਂ ਦਾ ਕਾਇਆ ਕਲਪ ਕਰਨ ਲਈ ਵਚਨਬੱਧ ਹੈ। ਕਿਰਪਾਲ ਐਵੀਨਿਊ ਅੰਮ੍ਰਿਤਸਰ ਵਿਖੇ ਵੱਡੀ ਗਿਣਤੀ ਵਿੱਚ ਵਿੱਚ ਹੋਏ ਇਲਾਕਾ ਵਾਸੀਆਂ ਦੇ ਇਕੱਠ ਨੂੰ ਸੰਬੋਧਨ ਕੀਤਾ ਅਤੇ ਇਲਾਕੇ ਦੇ ਮੁੱਦਿਆਂ ਬਾਰੇ ਵਿਚਾਰ ਚਰਚਾ ਕੀਤੀ। ਇਸ ਇੱਕਠ ਵਿੱਚ ਵੱਡੀ ਗਿਣਤੀ ਵਿੱਚ ਪਹੁੰਚੀਆਂ ਬੀਬੀਆਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਅੱਜ ਸਾਡੀਆਂ ਮਾਤਾਵਾਂ, ਭੈਣਾਂ ਤੇ ਬੇਟੀਆਂ ਦੇਸ਼ ਦੇ ਭਵਿੱਖ ਦਾ ਫੈਸਲਾ ਕਰਨ ਲਈ ਪੂਰੀ ਤਰ੍ਹਾਂ ਸਮਰੱਥ ਅਤੇ ਜਾਗਰੂਕ ਹਨ। ਮੈਂ ਭਰੋਸਾ ਦੇਂਦਾ ਹਾਂ ਕਿ ਅਸੀਂ ਕਿਸੇ ਵੀ ਵਰਗ ਜਾਂ ਇਲਾਕੇ ਨੂੰ ਵਿਕਾਸ ਅਤੇ ਤਰੱਕੀ ਤੋਂ ਵਾਂਝਾ ਨਹੀਂ ਰਹਿਣ ਦੇਵਾਂਗੇ। ਸੰਧੂ ਸਮੁੰਦਰੀ ਨੇ ਕਿਹਾ ਕਿ ਅਜ਼ਾਦੀ ਹਾਸਲ ਕਰਨ ਸਮੇਂ ਅੰਮ੍ਰਿਤਸਰ ਹਰ ਪੱਖੋਂ ਦੇਸ਼ ਦੇ 10 ਚੁਣਵੇਂ ਸ਼ਹਿਰਾਂ ’ਚ ਆਉਂਦਾ ਸੀ, ਪਰ ਅੱਜ ਸ਼ਹਿਰ ਦੀ ਹਾਲਤ ਕਿਸੇ ਤੋਂ ਛੁਪਿਆ ਨਹੀਂ ਰਿਹਾ। ਉਨ੍ਹਾਂ ਕਿਹਾ ਉਹ ਕਿਸੇ ਵੀ ਇਲਜਾਮਬਾਜ਼ੀ ਦੀ ਸਿਆਸਤ ’ਚ ਵਿਸ਼ਵਾਸ ਨਹੀਂ ਰੱਖਦਾ ਫਿਰ ਵੀ ਸਵਾਲ ਪੈਦਾ ਹੁੰਦਾ ਹੈ ਕਿ ਪਿਛਲੇ 7 ਸ਼ਾਲਾਂ ਤੋਂ ਇੱਥੋਂ ਦੀ ਨੁਮਾਇੰਦਗੀ ਕਰਨ ਵਾਲਿਆਂ ਨੇ ਸ਼ਹਿਰ ਲਈ ਕੀ ਕੀਤਾ? ਉਨ੍ਹਾਂ ਕਿਹਾ ਕਿ ਦ੍ਰਿੜ੍ਹਤਾ ਨਾਲ ਕਹਿੰਦਾ ਹਾਂ ਕਿ ਮੈਂ ਤੁਹਾਨੂੰ ਨਤੀਜੇ ਦਿਆਂਗਾ। ਇਹ ਸੁਣਦਿਆਂ ਹੀ ਪ੍ਰਵਾਸੀ ਭਾਈਚਾਰੇ ਨੇ ਵੀ ਆਪਣੇ ਪਨ ਦਾ ਇਜ਼ਹਾਰ ਕੀਤਾ ਅਤੇ ਐਲਾਨ ਕੀਤਾ ਕਿ ਜੇ ਇਹ ਗਲ ਹੈ ਤਾਂ ਪ੍ਰਵਾਸੀ ਭਾਈਚਾਰੇ ਦਾ ਹਰੇਕ ਮੈਂਬਰ ਅੱਜ ਤੋਂ ਤੁਹਾਡਾ ਹੋਇਆ। ਸਰਦਾਰ ਸੰਧੂ ਨੇ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਦੇ ਭਵਿਖ ਅਤੇ ਹੱਲ ਦੀਆਂ ਅਸੀਮ ਸੰਭਾਵਨਾਵਾਂ ’ਤੇ ਚਰਚਾ ਕੀਤੀ।

TechSpirit
Consultation, Installation & Servicing
Specialized in:
• Analog & IP security cameras • Installation & Maintenance, Upgrade • Video Doorbell Installation
Call: 905-621-4100
7-8770 The Gore Road, Brampton, ON L6P 0B1
1080p HD ਦੇ 4 ਸਿਕਿਉਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.

7Feb

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ ’ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ ’ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4”, ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ ’ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5’-3”, ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਮੂਲ ਨਾਲੋਂ ਵਿਆਜ ਪਿਆਰਾ



ਐਡਵੋਕੇਟ ਗਗਨਦੀਪ ਸਿੰਘ ਗੁਰਾਇਆ
9781500050

ਧੀਆਂ ਪੁੱਤਰ ਸਭ ਨੂੰ ਪਿਆਰੇ ਹੁੰਦੇ ਨੇ, ਪਰ ਪੋਤਰੇ ਪੋਤਰੀਆਂ 'ਤੇ ਆਪਣੀ ਔਲਾਦ ਨਾਲੋਂ ਵੀ ਵੱਧ ਮੋਹ ਆਉਂਦੈ। ਜੇਕਰ ਮਾਪਿਆਂ ਦੇ ਬੁਢਾਪੇ ਦੀ ਡੰਗੋਰੀ, ਇਕਲੌਤੀ ਸੰਤਾਨ ਵੀ ਭਰ ਜਵਾਨੀ 'ਚ ਸਦੀਵੀਂ ਵਿਛੋੜਾ ਦੇ ਜਾਵੇ ਤਾਂ ਸਭ ਤੋਂ ਔਖਾ ਕਾਰਜ ਬੁਢੜੇ ਪਿਓ ਦੇ ਮੋਢਿਆਂ ਉੱਤੇ ਪੁੱਤਰ ਦੀ ਅਰਥੀ ਹੋਣਾ ਹੈ। ਇਕੱਲੇ ਪੁੱਤਰ ਦੀ ਮੌਤ ਤੋਂ ਬਾਅਦ ਲਾਡਲੇ ਪੋਤਰੇ ਨੂੰ ਮਿਲਣ ਲਈ ਤਰਸਣਾ, ਦਾਦੇ-ਦਾਦੀ ਵਾਸਤੇ ਅਕਿਹ ਤੇ ਅਸਹਿ ਸਦਮਾ ਹੁੰਦੈ।

ਕਈ ਵਾਰ ਇਵੇਂ ਦੇ ਮਸਲੇ ਆ ਜਾਂਦੇ ਨੇ ਕਿ ਮਨ ਪਸੀਜ ਜਾਂਦੈ ਤੇ ਉਹ ਚਾਹ ਕੇ ਵੀ ਹੱਲ ਨਹੀਂ ਹੋ ਪਾਉਂਦੇ। ਕੋਸ਼ਿਸ਼ ਹੁੰਦੀ ਹੈ ਕਿ ਆਪਣੇ ਵੱਲੋਂ ਚੰਗੇ ਤੋਂ ਚੰਗਾ ਕਰ ਸਕੀਏ, ਪਰ ਕਾਨੂੰਨ ਅਤੇ ਹਾਲਾਤਾਂ ਹੱਥੋਂ ਮਜਬੂਰ ਹੁੰਦੇ ਓਵੇਂ ਕਰ ਨਹੀਂ ਪਾਉਂਦੇ।

ਹੋਇਆ ਇੰਜ ਕੇ ਇੱਕ ਪੈਂਤੀਆਂ ਕੁ ਸਾਲਾਂ ਦੀ ਬੀਬੀ ਨੇ ਆ ਦਰਖਾਸਤ ਦਿੱਤੀ ਜਿਸ ਦਾ ਮਜ਼ਮੂਨ ਇਸ ਪ੍ਰਕਾਰ ਸੀ "ਮੇਰਾ ਘਰ ਵਾਲਾ ਗੁਜਰ ਚੁੱਕਿਐ ਤੇ ਮੇਰਾ ਪੰਜ ਕੁ ਵਰ੍ਹਿਆਂ ਦਾ ਨਿੱਕਾ ਬਾਲ ਹੈ। ਮੇਰੇ ਮਾਪਿਆਂ ਨੇ ਮੇਰਾ ਵਿਆਹ ਕਿਤੇ ਹੋਰ ਕਰ ਦਿੱਤਾ ਹੈ ਤੇ ਮੈਂ ਆਪਣੇ ਨਵੇਂ ਸਹੁਰੇ ਘਰ ਖੁਸ਼ੀ ਨਾਲ ਰਹਿ ਰਹੀ ਹਾਂ, ਪਰ ਮੇਰੇ ਗੁਜ਼ਰ ਚੁੱਕੇ ਪਤੀ ਦੇ ਮਾਪੇ ਅਰਥਾਤ ਮੇਰੇ ਸੱਸ ਸੁਹਰਾ ਮੇਰੇ ਮੌਜੂਦਾ ਸੋਹਰੇ ਪਿੰਡ ਆ ਕੇ ਮੇਰੇ ਪੁੱਤ ਨੂੰ ਮਿਲਦੇ ਨੇ। ਜੋ ਕਿ ਮੈਨੂੰ ਕਤਈ ਮਨਜ਼ੂਰ ਨਹੀਂ। ਮੇਰੇ ਪੁੱਤ ਨੂੰ ਉਹਨਾਂ ਤੋਂ ਖਤਰਾ ਹੈ। ਸਾਨੂੰ ਇਨਸਾਫ ਦਿੱਤਾ ਜਾਵੇ।

ਮੈਨੂੰ ਦਰਖਾਸਤ ਪੜ੍ਹ ਕੇ ਮਹਿਸੂਸ ਹੋਇਆ ਕਿ ਰਿਸ਼ਤਿਆਂ ਚੋਂ ਅਪਣੱਤ ਤਾਂ ਜਿਵੇਂ ਖੰਭ ਲਾ ਕੇ ਉੱਡ ਗਈ ਹੋਵੇ। ਭਾਵਨਾਵਾਂ ਮਨਫੀ ਹੁੰਦੀਆਂ ਜਾ ਰਹੀਆਂ ਨੇ ਤੇ ਖੂਨ ਸਫੈਦ। ਖ਼ੈਰ ਅਸੀਂ ਕੁਝ ਦਿਨ ਬਾਅਦ ਉਸ ਕਿਸਮਤ ਦੇ ਮਾਰੇ ਬਜ਼ੁਰਗਾਂ ਨੂੰ ਬੁਲਾ ਕੇ ਉਹਨਾਂ ਦਾ ਪੱਖ ਵੀ ਗਹੁ ਨਾਲ ਸੁਣਿਆ। ਆਪਣੀ ਵਿਥਿਆ ਦੱਸਦਿਆਂ ਬਜ਼ੁਰਗ ਤਾਂ ਜਿਵੇਂ ਫਿੱਸ ਹੀ ਪਿਆ, 'ਜਨਾਬ , ਕੱਲਾ ਕਾਰਾ ਪੁੱਤ ਸੀ। ਭਰ ਜਵਾਨ, ਬੜੇ ਚਾਵਾਂ ਨਾਲ ਵਿਆਹ ਕੀਤਾ। ਘਰ ਚ ਕਿਸੇ ਸ਼ੈਅ ਦੀ ਤੋਟ ਨਹੀਂ ਸੀ। ਰੱਬ ਨੇ ਭਾਗ ਲਾਏ, ਫੁੱਲਾਂ ਵਰਗਾ ਲਾਲ ਪੋਤਰੇ ਦੇ ਰੂਪ ਵਿੱਚ ਸਾਨੂੰ ਬਖਸ਼ਿਆ। ਪਰ ਨੂੰਹ ਪੁੱਤ ਦੀ ਆਪਸ ਵਿੱਚ ਨਹੀਂ ਬਣਦੀ ਸੀ। ਨੂੰਹ ਦਾ ਚਾਲ ਚਲਣ ਠੀਕ ਨਾ ਹੋਣ ਕਰਕੇ ਪੁੱਤ ਉਸਨੂੰ ਰੋਕਦਾ ਸੀ, ਪਰ ਨੂੰਹ ਅੱਗਿਓਂ ਖਾਣ ਨੂੰ ਪੈਂਦੀ। ਕਲੇਸ਼ ਇੰਨਾ ਵਧ ਗਿਆ ਕਿ ਜਿਸ ਭਾਣੇ ਦਾ ਡਰ ਸੀ, ਉਹੀ ਵਾਪਰ ਗਿਆ। ਸਾਡੇ ਜਵਾਨ ਪੁੱਤਰ ਨੇ ਰੇਲ ਗੱਡੀ ਥੱਲੇ ਆ ਕੇ ਆਤਮ ਹੱਤਿਆ ਕਰ ਲਈ ਤੇ ਓਹ ਆਪਣੀ ਜਾਚੇ ਨਿੱਤ ਦੀ ਲੜਾਈ ਨੂੰ ਮੁਕਾ ਗਿਆ ਸੀ। ਪਰ ਉਹਨੂੰ ਭੋਲੇ ਨੂੰ ਕੀ ਪਤਾ ਕਿ ਕਿਸੇ ਦੇ ਜਾਣ ਨਾਲ ਕਲੇਸ਼ ਕਿੱਥੇ ਮੁੱਕਦੇ ਨੇ? ਬਜ਼ੁਰਗ ਦਾ ਗੱਚ ਭਰ ਆਇਆ ਸੀ ਅਤੇ ਉਸਦੀ ਅੱਧ ਚਿੱਟੀ ਦਾੜ੍ਹੀ ਉੱਤੇ ਹੰਝੂ ਵਹਿ ਤੁਰੇ ਸਨ। ਮੈਂ ਉਸ ਦੇ ਮੋਢੇ 'ਤੇ ਹੱਥ ਧਰ ਕੇ ਧਰਵਾਸ ਦਿੱਤਾ ਤੇ ਬਜ਼ੁਰਗ ਥੋੜਾ ਸੰਭਲ ਕੇ ਫਿਰ ਲੜੀ ਜੋੜਨ ਲੱਗਾ। ਵੇਖ ਲੈ ਬੱਲਿਆ, ਅਸੀਂ ਸਾਰਾ ਕੁਝ ਭੁੱਲ ਕੇ ਨੂੰਹ ਰਾਣੀ ਨੂੰ ਆਖਿਆ ਕਿ ਪਿਛਲੀਆਂ ਗੱਲਾਂ ਛੱਡ ਕੇ ਇਸ ਪੋਤਰੇ ਲਈ ਜ਼ਿੰਦਗੀ ਗੁਜ਼ਾਰਨੀ ਐ ਹੁਣ। ਘਰ ਵਿੱਚ ਸਭ ਕੁਝ ਤੇਰਾ ਹੀ ਆ। ਅਸੀਂ ਆਪਣੇ ਪੋਤਰੇ ਵਿੱਚੋਂ ਹੀ ਪੁੱਤ ਨੂੰ ਲੱਭਦੇ ਹਾਂ। ਸਾਡੇ ਬੁਢਾਪੇ ਦਾ ਇਹੀ ਸਹਾਰਾ ਹੁਣ। ਪਰ ਨੂੰਹ ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਸੀ ਆ ਰਹੀ। ਅਖੀਰ ਦੋਵੇਂ ਪਿੰਡਾਂ ਦੀ ਪੰਚਾਇਤ ਬੁਲਾਈ ਗਈ। ਨੂੰਹ ਆਪਣੇ ਪੇਕੇ ਜਾਣ ਲਈ ਬਜਿੱਦ ਸੀ। ਅਸੀਂ ਬੜੇ ਤਰਲੇ ਲਏ ਕਿ ਸਾਡੇ ਬੁਢਾਪੇ ਦੀ ਡੰਗੋਰੀ ਸਾਡੇ ਕੋਲ ਰਹਿਣ ਦਿਓ। ਪਰ ਕਿਸੇ ਨੇ ਸਾਡੀ ਇੱਕ ਨਾ ਸੁਣੀ। ਜਦੋਂ ਪੋਤਰੇ ਦੀ ਧੱਕੇ ਨਾਲ ਮੇਰੇ ਤੋਂ ਉਂਗਲ ਛੁਡਾਈ ਗਈ ਤਾਂ ਅਸੀਂ ਦੋਵੇਂ ਕੁਰਲਾ ਉੱਠੇ ਸੀ। ਪਰ ਜਦੋਂ ਰੱਬ ਹੀ ਵੈਰੀ ਬਣ ਜਾਵੇ ਤਾਂ ਰੱਬ ਦੇ ਬੰਦਿਆਂ ਤੋਂ ਵੀ ਕਾਹਦੀਆਂ ਉਮੀਦਾਂ। ਕਾਨੂੰਨ ਵੀ ਡਾਢਿਆਂ ਦਾ ਹੀ ਆ। ਕਈ ਦਿਨ ਅਸੀਂ ਦੋਵੇਂ ਜੀਆਂ ਰੋਟੀ ਨਾ ਖਾਧੀ। ਸਾਨੂੰ ਲੱਗਿਆ ਕਿ ਸਾਡਾ ਪੁੱਤਰ ਅੱਜ ਦੂਜੀ ਵਾਰੀ ਫਿਰ ਮੋਇਆ ਏ। ਆਖ ਕੇ ਬਜ਼ੁਰਗ ਰੋਣ ਲੱਗ ਪਿਆ। ਹੁਣ ਮੇਰੇ ਕੋਲ ਵੀ ਉਸ ਨੂੰ ਚੁੱਪ ਕਰਵਾਉਣ ਲਈ ਅਲਫਾਜ਼ ਮੁੱਕ ਗਏ ਸਨ। ਫਿਰ ਜੇਰਾ ਜਿਹਾ ਕਰਕੇ ਬੋਲਣ ਲੱਗਾ, ਪੁੱਤਰਾ, ਇੱਕ ਦਿਨ ਮੇਰੇ ਮਨ ਵਿੱਚ ਆਪਣੇ ਪੁੱਤ ਦੀ ਨਿਸ਼ਾਨੀ ਨੂੰ ਮਿਲਣ ਦੀ ਖਿੱਚ ਪਈ। ਮੇਰੀਆਂ ਆਂਦਰਾਂ ਦਾ ਖੂਨ ਤੜਫਣ ਲੱਗਾ। ਮੈਂ ਆਪਣੇ ਕੁੜਮਾਂ ਦੇ ਪਿੰਡ ਚਲਾ ਗਿਆ ਤੇ ਉਹਨਾਂ ਨੂੰ ਆਪਣੇ ਪੋਤਰੇ ਨੂੰ ਮਿਲਣ ਦੀ ਇੱਛਾ ਦੱਸੀ। ਪਰ ਮੇਰੀ ਨੂੰਹ ਨੇ ਮੈਨੂੰ ਗਾਲਾਂ ਕੱਢ ਕੇ ਤੇ ਧੱਕੇ ਮਾਰ ਕੇ ਉਥੋਂ ਮੈਨੂੰ ਤੋਰ ਦਿੱਤਾ ਤੇ ਕਿਹਾ ਕਿ ਜੇਕਰ ਦੁਬਾਰਾ ਇੱਥੇ ਆਇਆ ਤਾਂ ਪੁੱਠੇ ਇਲਜ਼ਾਮ ਲਾ ਕੇ ਅੰਦਰ ਕਰਵਾ ਦੇਵਾਂਗੀ। ਮੈਂ ਭਰੇ ਮਨ ਨਾਲ ਘਰੇ ਆ ਕੇ ਜੀਵਨ ਸਾਥੀ ਨੂੰ ਸਾਰੀ ਵਾਰਤਾ ਦੱਸੀ। ਸ਼ੇਰਾ, ਮੈਂ ਤੈਨੂੰ ਸੱਚ ਦੱਸਦਾਂ, ਬਈ ਮੈਂ ਉਸ ਤੋਂ ਬਾਅਦ ਕਦੇ ਕਦਾਈਂ ਆਪਣੇ ਪੋਤਰੇ ਨੂੰ ਉਸਦੀ ਮਾਂ ਤੋਂ ਚੋਰੀ ਉਸਦੇ ਸਕੂਲੇ ਅਤੇ ਕਦੇ ਪਿੰਡ ਦੀਆਂ ਗਲੀਆਂ ਚ ਬਸ ਦੂਰੋਂ ਵੇਖ ਕੇ ਹੀ ਪਰਤ ਆਉਂਦਾ ਸਾਂ। ਉਸ ਨੂੰ ਖਾਣ ਲਈ ਫਲ ਜਾਂ ਹੋਰ ਵਸਤਾਂ ਦੇ ਆਉਂਦਾ । ਬਸ ਮਨ ਨੂੰ ਸਕੂਨ ਜਿਹਾ ਮਿਲ ਜਾਂਦਾ ਸੀ ਤੇ ਵਕਤ ਗੁਜ਼ਰਦਾ ਗਿਆ। ਫਿਰ ਮੈਨੂੰ ਪਤਾ ਲੱਗਿਆ ਕਿ ਮੇਰੇ ਕੁੜਮਾਂ ਨੇ ਮੇਰੀ ਨੂੰਹ ਨੂੰ ਕਿਸੇ ਹੋਰ ਥਾਂ ਵਿਆਹ ਦਿੱਤਾ। ਮੈਂ ਹਿੰਮਤ ਕਰਕੇ ਆਪਣੀ ਜੀਵਨ ਸਾਥਣ ਨਾਲ ਉੱਥੇ ਵੀ ਆਪਣੇ ਪੋਤਰੇ ਨੂੰ ਵੇਖ ਆਉਣਾ ਤੇ ਉਸਨੂੰ ਪਿਆਰ ਦੇ ਆਉਣਾ। ਨੂੰਹ ਨੇ ਉੱਥੇ ਵੀ ਮੈਨੂੰ ਧੱਕੇ ਮਾਰੇ ਅਤੇ ਨਤੀਜੇ ਭੁਗਤਣ ਦੀ ਧਮਕੀ ਵੀ ਦਿੱਤੀ। ਹੁਣ ਤੂੰ ਦੱਸ ਪੁੱਤਰਾ, ਜੇ ਮੈਂ ਕੋਈ ਗਲਤ ਕੀਤਾ ਆਪਣੇ ਪੋਤਰੇ ਨੂੰ ਮਿਲ ਕੇ ਤਾਂ ਜਿਹੜੀ ਵੀ ਸਜ਼ਾ ਦਿਉਗੇ, ਮੈਨੂੰ ਕਬੂਲ ਹੈ।

ਮੈਂ ਰਿਸ਼ਤਿਆਂ ਦੀ ਸੋਚ ਵਿੱਚੋ ਉਲਝਿਆ ਬਾਹਰ ਆਇਆ ਤੇ ਹੌਸਲਾ ਕਰਕੇ ਆਖਿਆ, ਬਜ਼ੁਰਗੋ, ਤੁਸੀਂ ਕੁਝ ਵੀ ਗਲਤ ਨਹੀਂ ਕੀਤਾ। ਬੱਸ ਹਾਲਾਤ ਹੀ ਵੈਰੀ ਬਣ ਗਏ ਨੇ। ਬਜ਼ੁਰਗ ਜੋੜੇ ਨੇ ਹੱਥ ਜੋੜ ਕੇ ਸਾਡੀ ਕਮੇਟੀ ਅੱਗੇ ਤਰਲਾ ਕੀਤਾ ਕਿ ਸਾਨੂੰ ਦੋ ਚਾਰ ਮਹੀਨਿਆਂ ਚ ਇੱਕ ਵਾਰੀ ਆਪਣੇ ਪੋਤਰੇ ਨੂੰ ਮਿਲਵਾ ਦਿਆ ਕਰੋ। ਸਾਡਾ ਬੁਢਾਪਾ ਸੋਖਿਆਂ ਲੰਘ ਜਾਵੇਗਾ। ਅਸੀਂ ਕਮੇਟੀ ਮੈਂਬਰਾਂ ਨੇ ਆਪਸੀ ਮਸ਼ਵਰਾ ਕਰਕੇ ਇਹ ਫੈਸਲਾ ਕੀਤਾ ਕਿ ਬਜ਼ੁਰਗ ਜੋੜੇ ਨੂੰ ਹਰ ਦੋ ਮਹੀਨਿਆਂ ਬਾਅਦ ਆਪਣੇ ਦਫਤਰ ਵਿੱਚ ਹੀ ਉਹਨਾਂ ਦੇ ਪੋਤਰੇ ਨਾਲ ਮਿਲਵਾ ਦਿੱਤਾ ਜਾਵੇ। ਅਸੀਂ ਉਸ ਬੱਚੇ ਦੀ ਮਾਂ ਅਤੇ ਉਸਦੇ ਸੁਹਰਿਆਂ ਨੂੰ ਜੋਰ ਪਾ ਕੇ ਰਾਜ਼ੀ ਕਰ ਲਿਆ।

ਹੁਣ ਹਰ ਦੋ ਮਹੀਨੇ ਬਾਅਦ ਬਜ਼ੁਰਗ ਜੋੜਾ ਦਿੱਤੇ ਹੋਏ ਸਮੇਂ ਤੋਂ ਪਹਿਲਾਂ ਹੀ ਦਫਤਰ ਆ ਜਾਂਦੈ ਅਤੇ ਆਪਣੇ ਪੋਤਰੇ ਦਾ ਇੰਤਜ਼ਾਰ ਕਰਦਾ ਮੁੜ ਮੁੜ ਦਰਵਾਜ਼ੇ ਵੱਲ ਤੱਕਦੈ। ਪੋਤਰੇ ਨੂੰ ਵੇਖ ਕੇ ਜਿਹੜੀ ਵੈਰਾਗ ਭਰੀ ਖੁਸ਼ੀ ਉਹਨਾਂ ਦੇ ਚਿਹਰਿਆਂ ਤੇ ਝਲਕਦੀ ਹੈ ਉਹ ਬਿਆਨ ਕਰਨੀ ਔਖੀ ਹੈ। ਇਹਨਾਂ ਭਾਵਕ ਪਲਾਂ ਦਾ ਗਵਾਹ ਬਣਿਆ ਮੈਂ ਸੋਚਦਾਂ ਕਿ ਹਾਲਾਤ ਅਤੇ ਲੇਖ ਕਿੰਨੇ ਜੋਰਾਵਰ ਹੁੰਦੇ ਨੇ। ਕੁਝ ਗਲਤੀਆਂ ਕਰਕੇ ਕਿਵੇਂ ਹੱਸਦੇ ਵੱਸਦੇ ਘਰ ਤਬਾਹ ਹੋ ਜਾਂਦੇ ਨੇ ਤੇ ਭੁਗਤਣਾ ਬਜ਼ੁਰਗਾਂ ਨੂੰ ਪੈਂਦਾ ਹੈ।

# ਤੁਹਾਡੇ ਬੱਚੇ ਦੇ ਵਿਕਾਸ ਲਈ ਪ੍ਰੀ-ਸਕੂਲ ਸਿੱਖਿਆ ਦਾ ਮਹੱਤਵ

ਵਿਜੇ ਗਰਗ



ਪ੍ਰੀਸਕੂਲ ਸਿੱਖਿਆ ਇੱਕ ਖਾਲੀ ਕੈਨਵਸ 'ਤੇ ਪਹਿਲੇ ਰੰਗੀਨ ਸਟ੍ਰੋਕ ਦੀ ਤਰ੍ਹਾਂ ਹੈ, ਜੋ ਬੱਚੇ ਦੇ ਜੀਵਨ ਭਰ ਦੀ ਸਿੱਖਣ ਯਾਤਰਾ ਦੀ ਨੀਂਹ ਰੱਖਦੀ ਹੈ। ਇਹ ਇੱਕ ਬੱਚੇ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਪੜਾਅ ਹੈ, ਅਕਸਰ ਇਸਦੀ ਮਹੱਤਤਾ ਨੂੰ ਘੱਟ ਸਮਝਿਆ ਜਾਂਦਾ ਹੈ। ਪੋਦਾਰ ਇੰਟਰਨੈਸ਼ਨਲ ਸਕੂਲ ਵਿੱਚ, ਅਸੀਂ ਪ੍ਰੀਸਕੂਲ ਸਿੱਖਿਆ ਦੇ ਬਹੁਤ ਮਹੱਤਵ ਨੂੰ ਸਮਝਦੇ ਹਾਂ ਅਤੇ ਬੱਚੇ ਦੇ ਵਿਕਾਸ ਅਤੇ ਵਿਕਾਸ 'ਤੇ ਇਸਦੇ ਡੂੰਘੇ ਪ੍ਰਭਾਵ ਨੂੰ ਸਮਝਦੇ ਹਾਂ। ਆਓ ਪ੍ਰੀ-ਸਕੂਲ ਸਿੱਖਿਆ ਦੇ ਮਹੱਤਵ, ਇਸਦੇ ਲਾਭਾਂ ਅਤੇ ਤੁਹਾਡੇ ਬੱਚੇ ਦੇ ਭਵਿੱਖ ਲਈ ਇਹ ਇੱਕ ਮਹੱਤਵਪੂਰਨ ਕਦਮ ਕਿਉਂ ਹੈ, ਬਾਰੇ ਜਾਣੀਏ। ਪ੍ਰੀਸਕੂਲ ਸਿੱਖਿਆ ਨੂੰ ਸਮਝਣਾ ਪ੍ਰੀ-ਸਕੂਲ ਸਿੱਖਿਆ, ਜਾਂ ਪ੍ਰੀ-ਪ੍ਰਾਇਮਰੀ ਸਿੱਖਿਆ, ਪ੍ਰਾਇਮਰੀ ਸਕੂਲ ਵਿੱਚ ਦਾਖਲ ਹੋਣ ਤੋਂ ਪਹਿਲਾਂ ਇੱਕ ਬੱਚੇ ਦੁਆਰਾ ਗੁਜ਼ਰਦਾ ਸ਼ੁਰੂਆਤੀ ਰਸਮੀ ਵਿਦਿਅਕ ਅਨੁਭਵ ਹੈ। ਇਹ ਆਮ ਤੌਰ 'ਤੇ 3 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਨੂੰ ਪੂਰਾ ਕਰਦਾ ਹੈ, ਜਿਨ੍ਹਾਂ ਦੇ ਦਿਮਾਗ ਸਪੰਜ ਵਰਗੇ ਹੁੰਦੇ ਹਨ, ਗਿਆਨ, ਹੁਨਰ ਅਤੇ ਸਮਾਜਿਕ ਅਨੁਭਵਾਂ ਨੂੰ ਜਜ਼ਬ ਕਰਨ ਲਈ ਤਿਆਰ ਹੁੰਦੇ ਹਨ। ਪ੍ਰੀਸਕੂਲ ਸਿੱਖਿਆ ਦੀ ਮਹੱਤਤਾ ਸਮਾਜਿਕ ਹੁਨਰ ਦਾ ਸ਼ੁਰੂਆਤੀ ਵਿਕਾਸ: ਪ੍ਰੀਸਕੂਲ ਬੱਚਿਆਂ ਨੂੰ ਆਪਣੇ ਸਾਥੀਆਂ ਨਾਲ ਗੱਲਬਾਤ ਕਰਨ ਲਈ ਇੱਕ ਢਾਂਚਾਗਤ ਮਾਹੌਲ ਪ੍ਰਦਾਨ ਕਰਦਾ ਹੈ। ਇਹ ਉਹਨਾਂ ਨੂੰ ਸਿਖਾਉਂਦਾ ਹੈ ਕਿ ਕਿਵੇਂ ਸਾਂਝਾ ਕਰਨਾ, ਵਾਰੀ-ਵਾਰੀ ਲੈਣਾ, ਝਗੜਿਆਂ ਨੂੰ ਸੁਲਝਾਉਣਾ, ਅਤੇ ਇਕੱਠੇ ਕੰਮ ਕਰਨਾ। ਇਹ ਸਮਾਜਿਕ ਹੁਨਰ ਬੱਚੇ ਦੇ ਭਾਵਨਾਤਮਕ ਅਤੇ ਸਮਾਜਿਕ ਵਿਕਾਸ ਲਈ ਜ਼ਰੂਰੀ ਹਨ। ਭਾਸ਼ਾ ਅਤੇ ਬੋਧਾਤਮਕ ਵਿਕਾਸ: ਪ੍ਰੀ-ਸਕੂਲ ਬੱਚਿਆਂ ਨੂੰ ਇੱਕ ਢਾਂਚਾਗਤ ਢੰਗ ਨਾਲ ਭਾਸ਼ਾ ਅਤੇ ਸਾਖਰਤਾ ਨਾਲ ਉਜਾਗਰ ਕਰਦਾ ਹੈ। ਉਹ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨਾ ਸਿੱਖਦੇ ਹਨ, ਆਪਣੀ ਸ਼ਬਦਾਵਲੀ ਦਾ ਵਿਸਤਾਰ ਕਰਦੇ ਹਨ, ਅਤੇ ਜ਼ਰੂਰੀ ਪੂਰਵ-ਪੜ੍ਹਨ ਅਤੇ ਗਣਿਤ ਤੋਂ ਪਹਿਲਾਂ ਦੇ ਹੁਨਰਾਂ ਨੂੰ ਸਮਝਣਾ ਸ਼ੁਰੂ ਕਰਦੇ ਹਨ। ਇਹ ਸ਼ੁਰੂਆਤੀ ਐਕਸਪੋਜਰ ਉਹਨਾਂ ਦੇ ਬੋਧਾਤਮਕ ਵਿਕਾਸ ਵਿੱਚ ਮਹੱਤਵਪੂਰਨ ਸਹਾਇਤਾ ਕਰਦਾ ਹੈ। ਸੁਤੰਤਰਤਾ ਅਤੇ ਆਤਮ-ਵਿਸ਼ਵਾਸ: ਪ੍ਰੀਸਕੂਲ ਬੱਚਿਆਂ ਨੂੰ ਸੁਤੰਤਰ ਤੌਰ 'ਤੇ ਕੰਮ ਕਰਨ ਲਈ ਉਤਸ਼ਾਹਿਤ ਕਰਦਾ ਹੈ, ਆਪਣੇ ਆਪ ਨੂੰ ਕੱਪੜੇ ਪਾਉਣ ਤੋਂ ਲੈ ਕੇ ਕਾਰਜਾਂ ਨੂੰ ਪੂਰਾ ਕਰਨ ਤੱਕ। ਇਹ ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਉਨ੍ਹਾਂ ਦੇ ਸਵੈ-ਮਾਣ ਅਤੇ ਵਿਸ਼ਵਾਸ ਨੂੰ ਵਧਾਉਂਦਾ ਹੈ। ਭਾਵਨਾਤਮਕ ਤਿਆਰੀ: ਬੱਚੇ ਇੱਕ ਸਹਾਇਕ ਅਤੇ ਪਾਲਣ ਪੋਸ਼ਣ ਵਾਲੇ ਮਾਹੌਲ ਵਿੱਚ ਭਾਵਨਾਵਾਂ ਨੂੰ ਪ੍ਰਗਟ ਕਰਨਾ ਅਤੇ ਉਹਨਾਂ ਦਾ ਪ੍ਰਬੰਧਨ ਕਰਨਾ ਸਿੱਖਦੇ ਹਨ। ਉਹ ਸਮਝਦੇ ਹਨ ਕਿ ਵਿਛੋੜੇ ਦੀ ਚਿੰਤਾ, ਨਿਰਾਸ਼ਾ ਅਤੇ ਨਿਰਾਸ਼ਾ, ਮਹੱਤਵਪੂਰਣ ਭਾਵਨਾਤਮਕ ਹੁਨਰਾਂ ਨਾਲ ਕਿਵੇਂ ਨਜਿੱਠਣਾ ਹੈ। ਢਾਂਚੇ ਅਤੇ ਰੁਟੀਨ ਦੀ ਜਾਣ-ਪਛਾਣ: ਪ੍ਰੀਸਕੂਲ ਇੱਕ ਢਾਂਚਾਗਤ ਰੁਟੀਨ ਪ੍ਰਦਾਨ ਕਰਦੇ ਹਨ, ਜੋ ਬੱਚਿਆਂ ਨੂੰ ਸਮੇਂ ਦੀ ਧਾਰਨਾ ਨੂੰ ਸਮਝਣ ਅਤੇ ਕ੍ਰਮ ਦੀ ਭਾਵਨਾ ਵਿਕ-ਸਿਤ ਕਰਨ ਵਿੱਚ ਮਦਦ ਕਰਦਾ ਹੈ। ਇਹ ਉਹਨਾਂ ਦੇ ਭਵਿੱਖ ਦੇ ਅਕਾਦਮਿਕ ਅਤੇ ਨਿੱਜੀ ਜੀਵਨ ਲਈ ਕੀਮਤੀ ਹੈ। ਰਚਨਾਤਮਕਤਾ ਅਤੇ ਕਲਪਨਾ: ਪ੍ਰੀਸਕੂਲ ਸਿੱਖਿਆ ਕਲਾ, ਸੰਗੀਤ ਅਤੇ ਖੇਡ ਦੁਆਰਾ ਰਚਨ-ਾਤਮਕਤਾ ਅਤੇ ਕਲਪਨਾ ਨੂੰ ਉਤਸ਼ਾਹਿਤ ਕਰਦੀ ਹੈ। ਇਹ ਉਹ ਸਮਾਂ ਹੈ ਜਦੋਂ ਬੱਚੇ ਖੋਜ ਕਰ ਸਕਦੇ ਹਨ ਅਤੇ ਆਪਣੇ ਆਪ ਨੂੰ ਖੁੱਲ੍ਹ ਕੇ ਪ੍ਰਗਟ ਕਰ ਸਕਦੇ ਹਨ। ਰਸਮੀ ਸਿੱਖਿਆ ਲਈ ਤਿਆਰੀ: ਪ੍ਰੀਸਕੂਲ ਘਰ ਅਤੇ ਰਸਮੀ ਸਕੂਲ ਵਿਚਕਾਰ ਇੱਕ ਪੁਲ ਦਾ ਕੰਮ ਕਰਦਾ ਹੈ। ਇਹ ਬੱਚਿਆਂ ਨੂੰ ਮੁੱਢਲੇ ਸੰਕਲਪਾਂ ਅਤੇ ਰੁਟੀਨ ਨਾਲ ਜਾਣੂ ਕਰਵਾਉਂਦਾ ਹੈ, ਪ੍ਰਾਇਮਰੀ ਸਕੂਲ ਵਿੱਚ ਤਬਦੀਲੀ ਨੂੰ ਸੁਚਾਰੂ ਬਣਾਉਂਦਾ ਹੈ। ਪ੍ਰੀਸਕੂਲ ਸਿੱਖਿਆ ਦੇ ਲਾਭ ਵਧੀ ਹੋਈ ਸਕੂਲ ਦੀ ਤਿਆਰੀ: ਪ੍ਰੀਸਕੂਲ ਸਿੱਖਿਆ ਬੱਚਿਆਂ ਨੂੰ ਰਸਮੀ ਸਕੂਲੀ ਸਿੱਖਿਆ ਦੀਆਂ ਚੁਣੌਤੀਆਂ ਲਈ ਤਿਆਰ ਕਰਦੀ ਹੈ। ਉਹ ਭਾਸ਼ਾ, ਬੁਨਿਆਦੀ ਗਣਿਤ, ਅਤੇ ਸਮਾਜਿਕ ਹੁਨਰ ਦੀ ਬਿਹਤਰ ਸਮਝ ਨਾਲ ਪ੍ਰਾਇਮਰੀ ਸਕੂਲ ਵਿੱਚ ਦਾਖਲ ਹੁੰਦੇ ਹਨ। ਸੁਧਾਰੇ ਗਏ ਸਮਾਜਿਕ ਹੁਨਰ: ਸਾਥੀਆਂ ਅਤੇ ਅਧਿਆਪਕਾਂ ਨਾਲ ਗੱਲਬਾਤ ਕਰਕੇ, ਬੱਚੇ ਜ਼ਰੂਰੀ ਸਮਾਜਿਕ ਹੁਨਰ ਸਿੱਖਦੇ ਹਨ, ਜਿਸ ਵਿੱਚ ਸਹਿਯੋਗ, ਹਮਦਰਦੀ ਅਤੇ ਪ੍ਰਭਾਵਸ਼ਾਲੀ ਸੰਚਾਰ ਸ਼ਾਮਲ ਹਨ। ਸ਼ੁਰੂਆਤੀ ਸਾਖਰਤਾ ਅਤੇ ਸੰਖਿਆ ਦੇ ਹੁਨਰ: ਪ੍ਰੀਸਕੂਲ ਬੱਚਿਆਂ ਨੂੰ ਅੱਖਰਾਂ, ਸੰਖਿਆਵਾਂ ਅਤੇ ਬੁਨਿਆਦੀ ਸੰਕਲਪਾਂ ਨਾਲ ਜਾਣੂ ਕਰਵਾਉਂਦਾ ਹੈ, ਜਿਸ ਨਾਲ ਉਹਨਾਂ ਨੂੰ ਪੜ੍ਹਨ ਅਤੇ ਗਣਿਤ ਦੀ ਸ਼ੁਰੂਆਤ ਮਿਲਦੀ ਹੈ। ਬੂਸਟਡ ਸਵੈ-ਮਾਣ: ਪ੍ਰੀਸਕੂਲ ਪ੍ਰਾਪਤੀ ਅਤੇ ਸੁਤੰਤਰਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਦਾ ਹੈ, ਬੱਚੇ ਦੇ ਸਵੈ-ਮਾਣ ਅਤੇ ਆਤਮ-ਵਿਸ਼ਵਾਸ ਦਾ ਪਾਲਣ ਪੋਸ਼ਣ ਕਰਦਾ ਹੈ। ਆਲੋਚਨਾਤਮਕ ਸੋਚ ਅਤੇ ਸਮੱਸਿਆ-ਹੱਲ ਕਰਨਾ: ਪ੍ਰੀਸਕੂਲ ਵਿੱਚ ਬੱਚੇ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੇ ਹਨ ਜੋ ਉਨ੍ਹਾਂ ਦੀ ਆਲੋਚਨਾਤਮਕ ਸੋਚ ਅਤੇ ਸਮੱਸਿਆ-ਹੱਲ ਕਰਨ ਦੀਆਂ ਯੋਗਤਾਵਾਂ ਨੂੰ ਉਤੇਜਿਤ ਕਰਦੇ ਹਨ। ਉਹ ਸਵਾਲ ਪੁੱਛਣਾ, ਪੜਚੋਲ ਕਰਨਾ ਅਤੇ ਲੱਭਣਾ ਸਿੱਖਦੇ ਹਨਹੱਲ. ਉਤਸੁਕਤਾ ਉਤਸੁਕਤਾ ਅਤੇ ਸਿੱਖਣ ਲਈ ਪਿਆਰ: ਬੱਚੇ ਅਕਸਰ ਪ੍ਰੀਸਕੂਲ ਵਿੱਚ ਸਿੱਖਣ ਲਈ ਪਿਆਰ ਪੈਦਾ ਕਰਦੇ ਹਨ। ਇਹ ਉਹਨਾਂ ਦੀ ਉਤਸੁਕਤਾ ਨੂੰ ਵਧਾਉਂਦਾ ਹੈ ਅਤੇ ਖੋਜ ਦੇ ਜੀਵਨ ਭਰ ਦੀ ਯਾਤਰਾ ਲਈ ਪੜਾਅ ਤੈਅ ਕਰਦਾ ਹੈ। ਸਹੀ ਪ੍ਰੀਸਕੂਲ ਦੀ ਚੋਣ ਕਰਨਾ ਆਪਣੇ ਬੱਚੇ ਲਈ ਸਹੀ ਪ੍ਰੀਸਕੂਲ ਦੀ ਚੋਣ ਕਰਨਾ ਇੱਕ ਮਹੱਤਵਪੂਰਨ ਫੈਸਲਾ ਹੈ। ਇੱਥੇ ਵਿਚਾਰ ਕਰਨ ਲਈ ਕੁਝ ਕਾਰਕ ਹਨ: ਪਾਠਕ੍ਰਮ: ਪਾਠਕ੍ਰਮ ਅਤੇ ਅਧਿਆਪਨ ਦੇ ਤਰੀਕਿਆਂ ਦੀ ਜਾਂਚ ਕਰੋ। ਇੱਕ ਸੰਤੁਲਿਤ ਪਹੁੰਚ ਲੱਭੋ ਜਿਸ ਵਿੱਚ ਖੇਡ-ਅਧਾਰਿਤ ਅਤੇ ਢਾਂਚਾਗਤ ਸਿੱਖਿਆ ਸ਼ਾਮਲ ਹੋਵੇ। ਯੋਗ ਅਧਿਆਪਕ: ਇਹ ਸੁਨਿਸ਼ਚਿਤ ਕਰੋ ਕਿ ਅਧਿਆਪਕ ਬਚਪਨ ਦੀ ਸ਼ੁਰੂਆਤੀ ਸਿੱਖਿਆ ਵਿੱਚ ਯੋਗ ਅਤੇ ਅਨੁਭਵੀ ਹਨ। ਸੁਰੱਖਿਆ ਅਤੇ ਸਫਾਈ: ਸੁਰੱਖਿਆ ਸਭ ਤੋਂ ਮਹੱਤਵਪੂਰਨ ਹੈ। ਸਕੂਲ ਦੇ ਸੁਰੱਖਿਆ ਉਪਾਵਾਂ ਅਤੇ ਸਫਾਈ ਅਭਿਆਸਾਂ ਦੀ ਜਾਂਚ ਕਰੋ। ਕਲਾਸ ਦਾ ਆਕਾਰ: ਛੋਟੀਆਂ ਕਲਾਸਾਂ ਅਕਸਰ ਵਧੇਰੇ ਵਿਅਕਤੀਗਤ ਧਿਆਨ ਅਤੇ ਬਿਹਤਰ ਗੱਲਬਾਤ ਦੀ ਆਗਿਆ ਦਿੰਦੀਆਂ ਹਨ। ਮਾਪਿਆਂ ਦੀ ਸ਼ਮੂਲੀਅਤ: ਮਾਪਿਆਂ ਦੀ ਸ਼ਮੂਲੀਅਤ ਅਤੇ ਅਧਿਆਪਕਾਂ ਨਾਲ ਸੰਚਾਰ ਦੇ ਮੌਕਿਆਂ ਬਾਰੇ ਪੁੱਛੋ। ਸਾਖ: ਸਕੂਲ ਦੀ ਸਾਖ ਦੀ ਖੋਜ ਕਰੋ ਅਤੇ ਦੂਜੇ ਮਾਪਿਆਂ ਤੋਂ ਫੀਡਬੈਕ ਲਓ। ਪ੍ਰੀਸਕੂਲ ਸਿੱਖਿਆ ਬੱਚੇ ਦੀ ਵਿੱਦਿਅਕ ਯਾਤਰਾ ਦਾ ਸ਼ੁਰੂਆਤੀ ਬਿੰਦੂ ਹੈ, ਜੋ ਭਵਿੱਖ ਦੀ ਅਕਾਦਮਿਕ ਅਤੇ ਨਿੱਜੀ ਸਫਲਤਾ ਦੀ ਨੀਂਹ ਰੱਖਦੀ ਹੈ। ਇਹ ਸਮਾਜਿਕ ਹੁਨਰ, ਭਾਸ਼ਾ ਦੇ ਵਿਕਾਸ, ਸੁਤੰਤਰਤਾ, ਅਤੇ ਸਿੱਖਣ ਲਈ ਪਿਆਰ ਨੂੰ ਉਤਸ਼ਾਹਿਤ ਕਰਦਾ ਹੈ। ਪ੍ਰੀਸਕੂਲ ਸਿੱਖਿਆ ਦੇ ਲਾਭ ਬਹੁਤ ਦੂਰਗਾਮੀ ਹਨ, ਜੋ ਬੱਚਿਆਂ ਨੂੰ ਉਹ ਸਾਧਨ ਪ੍ਰਦਾਨ ਕਰਦੇ ਹਨ ਜਿਨ੍ਹਾਂ ਦੀ ਉਹਨਾਂ ਨੂੰ ਤੇਜ਼ੀ ਨਾਲ ਬਦਲ ਰਹੀ ਦੁਨੀਆਂ ਵਿੱਚ ਵਧਣ-ਫੁੱਲਣ ਲਈ ਲੋੜ ਹੁੰਦੀ ਹੈ। ਪੋਦਾਰ ਇੰਟਰਨੈਸ਼ਨਲ ਸਕੂਲ ਵਿੱਚ, ਅਸੀਂ ਨੌਜਵਾਨਾਂ ਦੇ ਦਿਮਾਗ ਨੂੰ ਆਕਾਰ ਦੇਣ ਵਿੱਚ ਪ੍ਰੀਸਕੂਲ ਸਿੱਖਿਆ ਦੇ ਮਹੱਤਵ ਨੂੰ ਪਛਾਣਦੇ ਹਾਂ। ਅਸੀਂ ਇੱਕ ਪਾਲਣ ਪੋਸ਼ਣ ਅਤੇ ਉਤੇਜਕ ਵਾਤਾਵਰਣ ਪ੍ਰਦਾਨ ਕਰਨ ਲਈ ਵਚਨਬੱਧ ਹਾਂ ਜੋ ਬੱਚਿਆਂ ਦੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ, ਉਹਨਾਂ ਨੂੰ ਇੱਕ ਉਜਵਲ ਅਤੇ ਖੁਸ਼ਹਾਲ ਭਵਿੱਖ ਦੀ ਸਥਾਪਨਾ ਕਰਦਾ ਹੈ।

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Advice you can bank on. Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address:
2130 North Park Dr.
Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E,
#15, Mississauga,
ON L5T 0B3
Shinder Kelley
Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

**The Mortgage Centre**
We work for *you*, not the lenders.




| Debt Consolidation | Renovations & Repairs | Avoiding High penalities |
|---|---|---|

**No Credit or becon score check.**
**No income verifiaction.**
**Interest payments only.**
**Pay off high interest debts.**
**75%-80% LTV.**

**Must have home equity.....**

If you are looking for independent mortgage or protection advice....
We're here to help.
* Competitive rates
* Flexible terms
* Fast approval process

**For more information call:**

Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

## Rexdale Financial Services

---

**URGENTLY NEED NEW LISTINGS IN BRAMPTON/CALEDON**



visit: www.teamjagaujla.com

ADVERTISEMENT GUARANTEED TILL SOLD

# JAG AUJLA
MCNE, REAL ESTATE BROKER
## 416-371-7777
e-mail: j.aujla@rogers.com or visit: www.jagaujla.com

MCNE

**CALL JAG AUJLA FOR A QUICK & FREE HOME EVALUATION**

www.BramptonTopRealtor.com

**RECENTLY LISTED IN YOUR NEIGHBOURHOOD**

### Sandalwood & Sunny Meadow Blvd



ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੌਂਡੋ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿੰਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।

### James Potter/Queen/Bonnie Brae



ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਊਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।

### Caledon Ontario (Dir/Cross St:Mayfield/ Mclaughlin/Tweedhill)



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

### Bramalea/Father Tobin /Fernfor



ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ 'ਤੇ ਲਾਊਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।

**FREE**
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232

Call: JAG AUJLA Cell: 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT

---

LOCAL & LONG DISTANCE MOVING

# H.K. MOVERS

**VANCOUVER - CALGARY - EDMONTON - WINNIPEG - TORONTO - OTTAWA - MONTREAL**




**WE MOVE COAST TO COAST WITHIN CANADA ,**
**WE DO INTERNATIONAL SHIPPING AND WE ALSO SHIP CARS**

Best Business of 2023 ThreeBest Rated Excellence

## Call: 416.524.6704
## www.hkmovers.ca

2023 ThreeBest Rated Certificate of Excellence

SAFE, RELIABLE AND EFFICIENT SERVICE AT THE BEST RATES


Asian Food Centre
WE'RE HERE TO SERVE
ONLY THE BEST
PRODUCTS FOR YOU.
FRESH
FRUITS &
VEGETABLES
Healthy
& fresh
grocery
Variety of
Indian Sweets
Available
OPEN
NOW
340 Woodlawn RD
Guelph, N1H 7K6
ETOBICOKE
10 Westmore Dr. MEAT SHOP AVAILABLE
416-740-3262
MISSISSAUGA
1075 Ceremonial Dr MEAT SHOP AVAILABLE
905-502-1600
BRAMPTON
621 Wanless Dr. MEAT SHOP AVAILABLE
905-495-3336
BRAMPTON
2120 N Park Dr. MEAT SHOP AVAILABLE
905-793-1338
BRAMPTON
80 Pertosa Dr.
905-460-0009
TOLL FREE
1-800-708-9232
BRAMPTON
40 Airport RD & Lacoste Blvd. MEAT SHOP AVAILABLE
905-794-8109
BRAMPTON
10510 Torbram Rd.
905-790-0030
BRAMPTON
10 Pannahill Dr. MEAT SHOP AVAILABLE
905-913-8017
GUELPH
340 Woodlawn Rd W
226-669-0004
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media